<OFFICIAL AND MEDIA LANGUAGES><MASS MEDIA><PRITAM AMRITA><AJIT KAUR (16 NOV 1943): EK JANAM JAAT GYPSY><1980><NAGMANI - JUNE 1980><DELHI><18-20><1938><PRITAM - AJIT GYPSY>

ਅਜੀਤ ਕੌਰ : (੧੬ ਨਵੰਬਰ ੧੯੪੩) : ਇਕ ਜਨਮ ਜਾਤ ਜਿਪਸੀ :

? ਅਜੀਤ ! ਮੇਰਾ ਖ਼ਿਆਲ ਹੈ - ਤੇਰੇ ਕੋਲ ਚੋਰੀ ਦੀ ਪੋਟਲੀ ਕੋਈ ਨਹੀਂ ।
ਕਈਆਂ ਲੇਖਕਾਂ ਜਾਂ ਚਿੱਤ੍ਰਕਾਰਾਂ ਨਾਲ ਗੱਲਾਂ ਕਰਦਿਆਂ, ਮੈਨੂੰ ਜਾਪਦਾ ਹੈ ਜਿਵੇਂ ਉਹਨਾਂ ਦੀ ਮੁਹੱਬਤ ਜਾਂ ਉਹਨਾਂ ਦਾ ਵਿਆਹ ਕੋਈ ਚੋਰੀ ਦੀ ਪੋਟਲੀ ਹੋਵੇ, ਜਿਹਦੀ ਗੱਲ ਕਰਨ ਤੋਂ ਉਹ ਕਤਰਾਂਦੇ ਹੋਣ...

ਅਜੀਤ : ਬਈ ਆਪਣੇ ਕੋਲ ਤਾਂ ਚੋਰੀ ਦੀ ਪੋਟਲੀ ਕੋਈ ਨਹੀਂ । ਪਰ ਆਪਣੀ ਜ਼ਿੰਦਗੀ ਦੀ ਟ੍ਰੈਜਿਡੀ ਇਹ ਰਹੀ ਹੈ ਕਿ ਜਿੰਨੇ ਵੀ ਬੰਦੇ ਮਿਲੇ, ਉਹ ਰਿਸ਼ਤਿਆਂ ਨੂੰ ਚੋਰੀ ਦੀਆਂ ਪੋਟਲੀਆਂ ਬਣਾ ਕੇ, ਕੱਛੇ ਮਾਰੀ ਫਿਰਦੇ ਸੀ, ਤੇ ਜੇ ਕਦੇ ਉਹਨਾਂ ਦੀ ਕੋਈ ਪੋਟਲੀ ਖੁਲ੍ਹਵਾ ਲਈ, ਉਹ ਉਸੇ ਨੂੰ ਝੁੰਗਲ ਮਾਟਾ ਬਣਾ ਕੇ ਉਹਦੇ ਵਿਚ ਲੁਕ ਕੇ ਬਹਿਣਾਂ ਚਾਹੁੰਦੇ ਸੀ । ਤੇ ਆਪਣਾ ਸਮਝੌਤਾ ਕਦੇ ਝੁੰਗਲ ਮਾਟਿਆਂ ਨਾਲ ਹੋਇਆ ਨਹੀਂ...

? ਔਰਤਾਂ ਤਾਂ ਬੁਰਕਾ ਪੋਸ਼ ਹੁੰਦੀਆਂ ਹਨ, ਪਰ ਮਰਦ ਝੁੰਗਲ ਮਾਟਾ ਪੋਸ਼ ਨਵੀਂ ਟਰਮ ਹੈ...

ਅਜੀਤ : ਝੁੰਗਲ ਮਾਟਾ ਮਾਰਕੇ, ਲੁਕ ਕੇ, ਇਕ ਗੁੱਠੇ ਬੈਠਾ ਤਾਂ ਜਾ ਸਕਦਾ ਏ, ਪਰ ਨਾ ਜ਼ਮੀਨ ’ਤੇ ਵਰਟੀਕਲੀ, ਤੇ ਨਾ ਸਪੇਸ ਵਿਚ ਹੌਰੀਜ਼ੋਂਟਲੀ ਤੁਰਿਆ ਜਾ ਸਕਦਾ ਏ । ਤੇ ਇਹ ਜਿਹੜਾ ਦੋ ਕਿਸਮਾਂ ਦਾ ਤੁਰਨਾ ਏਂ, ਇਹਦੇ ਤੋਂ ਬਿਨਾਂ ਕਿਸ ਤਰ੍ਹਾਂ ਜੀਵਿਆ ਜਾਂਦਾ ਏ, ਉਹਦੀ ਮੈਨੂੰ ਜਾਚ ਨਹੀਂ...ਏਸੇ ਕਰਕੇ ਉਹ ਆਪਣੇ ਖੂੰਜਿਆਂ ਵਿਚ ਬੈਠੇ ਰਹੇ, ਤੇ ਮੈਂ ਤੁਰਦੀ ਰਹੀ...

? ਉਹ ਖੂੰਜਿਆਂ ਵਿਚੋਂ ਕਦੇ ਤੁਰਦੀ ਨੂੰ ਹਾਕ ਤਾਂ ਮਾਰਦੇ ਹੋਣਗੇ ?

ਅਜੀਤ : ਨਹੀਂ । ਸਗੋਂ ਖੂੰਜਿਆਂ ਵਿਚ ਬਹਿਣ ਵਾਲੇ ਨੂੰ ਗੁੱਸਾ ਔਂਦਾ ਏ ਕਿ ਇਹ ਅਜੀਬ ਬਦਤਮੀਜ਼ ਔਰਤ ਏ । ਕਿਉਂਕਿ ਖੂੰਜਿਆਂ ਵਿਚ ਬਹਿਣਾ ਔਰਤ ਦਾ ਧਰਮ ਹੁੰਦਾ ਏ, ਤੇ ਤੁਰਨਾ ਮਰਦ ਦਾ ਹੱਕ ਹੁੰਦਾ ਏ । ਨਾਲੇ ਹਾਕ ਮਾਰਨ ਦੇ ਤਸੱਵਰ ਨਾਲ ਇੰਤਜ਼ਾਰ ਦਾ ਤਸੱਵਰ ਜੁੜਿਆ ਹੁੰਦਾ ਏ, ਜੋ ਇੰਤਜ਼ਾਰ ਕਰੇਗਾ, ਉਹੀ ਹਾਕ ਮਾਰੇਗਾ ਨਾ ! ਪਰ ਇੰਤਜ਼ਾਰ ਕਰਨਾ ਵੀ ਔਰਤ ਦਾ ਧਰਮ ਹੁੰਦਾ ਏ...

? ਸੋ ਅਜੀਤ ! ਤੂੰ ਧਰਮ ਤੇ ਹੱਕ ਦੋਹਾਂ ਲਫ਼ਜ਼ਾਂ ਦੀ ਤਕਦੀਰ ਬਦਲ ਦਿੱਤੀ...

ਅਜੀਤ : ਸ਼ਾਇਦ ! ਪਰ ਇਹਦਾ ਨਤੀਜਾ ਟੋਟਲ ਇਕੱਲ...

? ਤੇਰੇ ਜਹੀ ਔਰਤ ਖੂੰਜੇ ਬਹਿੰਦੀ ਤਾਂ ਵੀ ਨਿਰੀ ਇਕੱਲ ਭੁਗਤਦੀ । ਪਰ ਕੀ ਇਹ ਚੰਗਾ ਨਹੀਂ ਕਿ ਤੂੰ ਸਾਰੀ ਇਕੱਲ ਤੁਰਕੇ ਭੁਗਤੀ, ਬਹਿ ਕੇ ਨਹੀਂ ?

ਅਜੀਤ : ਹਾਂ ਜਦੋਂ ਕਦੀ ਪਿਛੇ ਵੱਲ ਵੇਖਦੀ ਹਾਂ ਕਿ ਕਿਹੜੇ ਮੁਕਾਮ ਤੇ ਗ਼ਲਤੀ ਹੋਈ, ਤਾਂ ਇਹੋ ਜਿਹਾ ਮੁਕਾਮ ਕਿਤੇ ਨਜ਼ਰ ਨਹੀਂ ਔਂਦਾ...

? ਤੇਰੀ ਕਿਹੜੀ ਉਮਰੇ ਤੇਰੀ ਕਲਮ ਤੇਰੇ ਨਾਲ ਤੁਰਨ ਲੱਗ ਪਈ ਸੀ ?

ਅਜੀਤ : ਉਦੋਂ ਮੈਂ ਸੋਲ੍ਹਾਂ ਵਰ੍ਹਿਆਂ ਦੀ ਸਾਂ, ਸਾਢੇ ਸੋਲ੍ਹਾਂ ਦੀ ਹੋਵਾਂਗੀ । ਬਲਦੇਵ, ਜਿਨ੍ਹਾਂ ਨੂੰ ਪਿਆਰ ਕੀਤਾ, ਉਹ ਸਾਨੂੰ ਕਾਲਜ ਵਿਚ ਅੰਗ੍ਰੇਜ਼ੀ ਪੜ੍ਹਾਂਦੇ ਸਨ । ਮੈਂ ਮਨ ਦੀ ਗੱਲ ਦੱਸ ਨਹੀਂ ਸਾਂ ਸਕਦੀ, ਤੇ ਉਹ ਸੰਜੀਦਾ ਹੋ ਕੇ ਸਮਝਣ ਦੀ ਕੋਸ਼ਿਸ਼ ਨਹੀਂ ਸਨ ਕਰਦੇ । ਸਮਝਦੇ ਸਨ - ਮੈਂ ਬੱਚੀ ਹਾਂ...

? ਸੋ ਉਮਰ ਨਾਲੋਂ ਕਿਤੇ ਵੱਧ ਸਿਆਣਿਆਂ ਹੋਣਾ ਤੇਰਾ ਪਹਿਲਾ ਕਸੂਰ ਸੀ...

ਅਜੀਤ : ਹਾਂ ਗੁਨਾਹੇ ਅਵੱਲ

? ਫੇਰ ਸੋਲ੍ਹਾਂ ਵਰ੍ਹਿਆਂ ਦੀ ਉਮਰ ਤੇ ਜਿਹੜੀ ਕੋਈ ਕਹਾਣੀ ਲਿਖੀ, ਉਨ੍ਹਾਂ ਨੇ ਪੜ੍ਹੀ ?

ਅਜੀਤ : ਪੜ੍ਹੀ ਨਹੀਂ, ਪਹਿਲੀ ਵਾਰੀ ਸੁਣੀ । ਕਿਉਂਕਿ ਪਹਿਲੀ ਵਾਰੀ ਨਾ ਮੇਰੇ ਕੋਲ ਹਿੰਮਤ ਸੀ ਕਿ ਪੜ੍ਹਣ ਵਾਸਤੇ ਦੇਂਦੀ, ਨਾ ਮੇਰੇ ਕੋਲ ਹਿੰਮਤ ਸੀ ਕਿ ਕਿਤੇ ਛਪਣ ਲਈ

ਭੇਜਦੀ । ਪਰ ਪੰਜਾਬੀ ਦਾ ਕੋਈ ਫੰਕਸ਼ਨ ਸੀ, ਹੁਣ ਯਾਦ ਨਹੀਂ ਰਿਹਾ ਕਿ ਕੀ ਫੰਕਸ਼ਨ ਸੀ, ਉਥੇ ਮੈਂ ਕਹਾਣੀ ਪੜ੍ਹੀ । ਕਈਆਂ ਨੇ ਨਜ਼ਮਾਂ ਪੜ੍ਹੀਆਂ ਸਨ, ਗੀਤ ਪੜ੍ਹੇ ਸਨ, ਮੈਂ ਕਹਾਣੀ ਪੜ੍ਹੀ । ਸੁਨਣ ਵਾਲਿਆਂ ਵਿਚ ਇਕ ਕੋਈ ਪ੍ਰੋਫੈਸਰ ਰਾਮ ਸਿੰਘ ਵੀ ਬੈਠੇ ਹੋਏ ਸਨ, ਉਹਨਾਂ ਆਪਣੇ ਪਰਚੇ ਲਈ ਮੇਰੇ ਕੋਲੋਂ ਉਹ ਕਹਾਣੀ ਲੈ ਲਈ ਸੀ । ਤੇ ਜੋ ਕੁਝ ਸਿਰਫ ਇਕ ਬੰਦੇ ਵਾਸਤੇ ਲਿਖਿਆ ਸੀ, ਉਹ ਛਪਿਆ, ਨਸ਼ਰ ਹੋਇਆ, ਤਾਰੀਫ ਹੋਈ, ਤੇ ਮੈਂ ਕਹਾਣੀਆਂ ਲਿਖਣ ਲੱਗ ਪਈ...

? ਕੰਬਖ਼ਤ ਕਾਫਕਾ ਦਾ ਆਪਣੇ ਬਾਪ ਵੱਲ ਲਿਖਿਆ ਹੋਇਆ ਇਕ ਖ਼ਤ ਲਭਦਾ ਹੈ ਕਿ ਮੈਂ ਤੁਹਾਡੇ ਗਲ ਲੱਗ ਕੇ ਰੋਣਾ ਚਾਹੁੰਦਾ ਸਾਂ, ਪਰ ਰੋ ਨਹੀਂ ਸੱਕਿਆ ਸਾਂ, ਇਸ ਲਈ ਹੁਣ ਸਾਹਿਤ ਦੇ ਗਲ ਲੱਗ ਕੇ ਰੋਂਦਾ ਹਾਂ...ਸੋ ਅਜੀਤ ਤੂੰ ਕਾਫਕਾ ਵਾਲੀ ਤਕਦੀਰ ਪਾਈ...

ਅਜੀਤ : ਬਹੁਤ ਸਾਰੇ ਲਿਖਣ ਵਾਲਿਆਂ ਦੀ ਇਹੀ ਤਕਦੀਰ ਹੁੰਦੀ ਏ...

? ਸੋਚਾਂ ਦੇ ਜਿਹੜੇ ਟੋਟਿਆਂ ਨੇ ਜੁੜ ਕੇ ਤਕਦੀਰ ਦੀ ਇਹ ਲਕੀਰ ਬਣਾਈ, ਕੋਈ ਉਹਨਾਂ ਦੀ ਗੱਲ ਸੁਣਾ !

ਅਜੀਤ : ਸੋਚਿਆ ਜਾਏ ਤਾਂ ਸਾਬਤ ਜੀਊਣਾ, ਤੇ ਅੰਦਰੋਂ ਬਾਹਰੋਂ ਇਕੋ ਤਰ੍ਹਾਂ ਜੀਊਣਾ, ਇਹ ਜੀਊਣ ਦਾ ਸਭ ਤੋਂ ਵੱਧ ਸਰਲ ਤਰੀਕਾ ਹੋਣਾ ਚਾਹੀਦਾ ਏ । ਕਿਉਂਕਿ ਇਹੀ ਸਭ ਤੋਂ ਵੱਧ ਲਾੱਜੀਕਲ ਏ । ਪਰ ਏਸ ਗੱਲ ਦੀ ਸਮਝ ਨਹੀਂ ਆਈ ਕਿ ਇਹੀ ਤਰੀਕਾ ਸਭ ਤੋਂ ਵੱਧ ਮੁਸ਼ਕਿਲ ਕਿਉਂ ਹੈ, ਜਿਹੜਾ ਤਰੀਕਾ ਬਾਕੀ ਸਾਰੀ ਕਾਇਨਾਤ ਦੇ ਜੀਵਨ-ਕ੍ਰਮ ਵਿਚ ਕੋਈ ਰੁਕਾਵਟ ਨਹੀਂ ਪਾਂਦਾ - ਧੁੱਪ ਖਿੱਲਰ ਕੇ ਜੀਅ ਸਕਦੀ ਏ, ਫੁੱਲ, ਦ੍ਰਖ਼ਤ ਅਸਮਾਨ ਵੱਲ ਵਿਕਾਸ ਕਰਕੇ ਜੀਅ ਸਕਦੇ ਨੇ, ਸਹਿਜ, ਸਰਲ, ਪਰ ਓਸੇ ਤਰੀਕੇ ਨਾਲ ਜਦੋਂ ਮਨੁੱਖ ਜੀਊਣਾ ਚਾਹੁੰਦਾ ਏ, ਤਾਂ ਉਹਦਾ ਨਤੀਜਾ ਆਮ ਤੌਰ ਤੇ ਟ੍ਰੈਜਿਡੀ ਤੇ ਇਕੱਲਾਪਣ ਕਿਉਂ ਹੁੰਦਾ ਏ ?

? ਕਿਉਂਕਿ ਮਨੁੱਖ ਦੀ ਕਾਇਨਾਤ ਖੂੰਜਿਆਂ ਦੀ ਕਾਇਨਾਤ ਏ, ਹੁਣੇ ਤੂੰ ਆਪੇ ਤਾਂ ਖੂੰਜਿਆਂ ਦੀ ਗੱਲ ਕੀਤੀ ਸੀ...ਮਨੁੱਖ ਨੇ ਅਜੇ ਹਵਾ ਪਾਣੀ ਤੇ ਰੁੱਖਾਂ ਬੂਟਿਆਂ ਦੀ ਕਿਸਮਤ

ਨਹੀਂ ਪਾਈ...ਸੋ ਅਜੀਤ ! ਜ਼ਿੰਦਗੀ ਦੇ ਹਾਦਸੇ ਜਿਉਂ ਜਿਉਂ ਜ਼ਿੰਦਗੀ ਨੂੰ ਤੋੜਦੇ ਗਏ, ਸੋਚਾਂ ਦੇ ਟੁਕੜੇ ਜੁੜਦੇ ਗਏ ਕਿਹੜੀਆਂ ਕਿਤਾਬਾਂ ਨੇ ਕੁਝ ਮਦਦ ਕੀਤੀ ਸੀ - ਸੋਚਾਂ ਨੂੰ ਜੋੜਨ ਵਿਚ ?

ਅਜੀਤ : ਸ਼ੁਰੂ ਸ਼ੁਰੂ ਵਿਚ ਤਾਂ ਟੈਗੋਰ ਦੀ 'ਹੰਗਰੀ ਸਟੋਨ' ਵਰਗੀਆਂ ਕਹਾਣੀਆਂ ਪੜ੍ਹ ਕੇ, ਕੰਧ ਨਾਲ ਲੱਗ ਕੇ ਰੋਣ ਨੂੰ ਜੀਅ ਕਰਦਾ ਹੁੰਦਾ ਸੀ । ਜਾਂ ਹਾਰਡੀ ਦੀ 'ਟੈੱਸ' ਪੜ੍ਹਕੇ, ਜਾਂ ਹੀਊਗੋ ਦਾ 'ਲਲਾ ਮਿਜ਼ਰੇਬਲ' ਪੜ੍ਹਕੇ ਲਗਦਾ ਸੀ ਕਿ ਜ਼ਿੰਦਗੀ ਦਾ ਜੋ ਪੂਰਾ ਹਾਸਿਲ ਹੈ, ਉਹ ਪੀੜ ਹੈ - ਸੰਤਾਪ...

? ਤੇ ਏਸ ਗੱਲ ਦੀ ਤਸਦੀਕ ਵਿਆਹ ਵਾਲੇ ਹਾਦਸੇ ਨੇ ਕਰ ਦਿੱਤੀ ?

ਅਜੀਤ : ਤਸਦੀਕ ਨਾਲੋਂ ਵੀ ਵੱਧ । ਪਰ ਫੇਰ ਵੀ ਅੰਦਰ ਕੁਝ ਸੀ ਜਿਹੜਾ ਕਹਿੰਦਾ ਸੀ ਇਹ ਗ਼ਲਤ ਹੈ । ਇਹ ਸਾਰੇ ਨਿਜ਼ਾਮ ਵਿਚ ਕੋਈ ਸਖ਼ਤ ਗੜਬੜ ਹੈ । ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਅਸਮਾਨ ਦੇ ਏਨੇ ਖ਼ੂਬਸੂਰਤ ਨੀਲੇ ਰੰਗਾਂ ਦੇ ਹੇਠਾਂ, ਗੋਰੀਆਂ ਧੁੱਪਾਂ, ਤੇ ਤਾਰਿਆਂ ਭਰੀਆਂ ਰਾਤਾਂ ਦੇ ਵਿਸਥਾਰ ਹੇਠਾਂ, ਖ਼ੂਬਸੂਰਤ ਰੁੱਖਾਂ ਤੇ ਫੁੱਲਾਂ ਵਿਚ ਘਿਰੀ ਏਸ ਧਰਤੀ ਉੱਤੇ, ਮਨੁੱਖ ਬਸ ਏਸੇ ਲਈ ਤੁਰਦੇ ਫਿਰਦੇ ਹੋਣ ਕਿ ਉਹਨਾਂ ਇਕ ਸੰਤਾਪ ਨੂੰ ਭੋਗਣਾ ਹੈ, ਤੇ ਭੋਗ ਕੇ ਮਰ ਜਾਣਾ ਹੈ...ਭਾਵੇਂ ਇਹੀ ਗੱਲ ਆਸ ਪਾਸ ਦੇ ਵੱਡੇ ਵਡੇਰੇ ਸਿਖਾਂਦੇ ਸਨ, ਇਹੀ ਗੱਲ ਮਜ਼ਹਬ ਸਿਖਾਂਦਾ ਸੀ, ਪਰ ਮੱਥੇ ਦੀ ਸੋਚ ਇਹ ਗੱਲ ਮੰਨਦੀ ਨਹੀਂ ਸੀ । ਜੋ ਜਿਨ੍ਹਾਂ ਵਰ੍ਹਿਆਂ ਵਿਚ ਜ਼ਿੰਦਗੀ ਦਾ ਹੁਸਨ ਹੰਢਾਣਾ ਚਾਹੀਦਾ ਸੀ, ਸੋਚ ਦੀ ਏਸ ਭਟਕਣ ਵਿਚ ਬੀਤ ਗਏ...

? ਜ਼ਿੰਦਗੀ ਸ਼ਾਇਦ ਇਸੇ ''ਜ਼ਿੱਦੀ ਸੋਚ'' ਦਾ ਨਾਂ ਹੁੰਦਾ ਹੈ...

ਅਜੀਤ : ਜ਼ਿੱਦੀ ਸੋਚ ਦਾ ਆਲਮ ਤਾਂ ਇਹ ਰਿਹਾ ਅੰਮ੍ਰਿਤਾ ਜੀ ! ਕਿ ਘਰ ਵਿਚ ਬੜਾ ਧਾਰਮਿਕ ਮਾਹੌਲ ਸੀ, ਇਸ ਲਈ ਰੱਬ ਨਾਂ ਦੀ ਚੀਜ਼ ਦਾ ਆਸ ਪਾਸ ਦੀ ਹਵਾ ਵਿਚ ਤਰਦਿਆਂ ਰਹਿਣਾ ਲਾਜ਼ਮੀ ਸੀ । ਤੇ ਜਿਹੜੀ ਚੀਜ਼ ਤੁਹਾਡੇ ਆਸ ਪਾਸ ਦੀ ਹਵਾ ਵਿਚ ਹੋਵੇ, ਤੁਹਾਡਾ ਕਦੇ ਕਦਾਈਂ ਉਹਦੇ ਨਾਲ ਮੁਖਾਤਿਬ ਹੋ ਜਾਣਾ ਲਾਜ਼ਮੀ ਹੁੰਦਾ ਹੈ, ਪਰ ਮੈਂ ਜਦੋਂ

ਵੀ ਉਹਦੇ ਨਾਲ ਮੁਖ਼ਾਤਿਬ ਹੋਈ, ਜਾਂ ਤੇ ਨਹਾਇਤ ਗੁੱਸੇ ਦੀ ਚੀਖ਼ ਵਰਗੀ "ਕਿਉਂ" ਨਾਲ, ਤੇ ਜੇ ਕਦੀ ਗੁੱਸੇ ਦਾ ਤੇਵਰ ਜ਼ਰਾ ਢਿੱਲਾ ਹੋਇਆ, ਤਾਂ "ਯਾ ਇਲਾਹੀ ਇਹ ਮਾਜਰਾ ਕਿਆ ਹੈ" ਦੀ ਤਰ੍ਹਾਂ ।

? ਅਜੀਤ ! ਇਹ ਤੇਰੇ ਆਸਾਰ ਘਰ ਵਿਚ ਕਿਸੇ ਪਛਾਣੇ ਸਨ ?

ਅਜੀਤ : ਲਗਦਾ ਹੈ ਬੀਜੀ ਤੇ ਦਾਰਜੀ ਦੋਹਾਂ ਨੇ ਪਛਾਣੇ ਹੋਣਗੇ, ਤਾਹੀਂ ਸੋਚਿਆ ਹੋਵੇਗਾ ਕਿ ਇਹਦਾ ਝਟਪਟ ਵਿਆਹ ਕਰ ਦੇਣਾ ਚਾਹੀਦਾ ਹੈ, ਕੁੜੀ ਤ੍ਰੱਟੀ ਚੌੜ ਹੈ...

? ਪਰ ਉਹਦੇ ਨਾਲ ਤਾਂ ਇਹ ਆਸਾਰ ਸਗੋਂ ਸਾਨ ਤੇ ਚੜ੍ਹਣੇ ਸਨ, ਉਹਨਾਂ ਇਹ ਨਹੀਂ ਸੀ ਸੋਚਿਆ ?

ਅਜੀਤ : ਸਾਡੀ ਤੁਹਾਡੀ ਜੈਨਰੇਸ਼ਨ ਤੱਕ ਕੋਈ ਕੁੜੀਆਂ ਬਾਰੇ ਸੀਰੀਅਸਲੀ ਸੋਚਦਾ ਸੀ ?

? ਸੋਚਦੇ ਸਨ, ਪਰ ਹਰ ਮਰਜ਼ ਦੀ ਦਵਾ ਵਿਆਹ ਦੀ ਸ਼ਕਲ ਵਿਚ ।

ਅਜੀਤ : ਸੱਚ ਹੈ । ਹੋਸ਼ ਸੰਭਾਲਣ ਤੋਂ ਲੈਕੇ ਸਭ ਤੋਂ ਪਹਿਲੀ ਸੀਰੀਅਸ ਗੱਲ ਜੋ ਕੁੜੀ ਦੇ ਕੰਨਾਂ ਵਿਚ ਪੈਂਦੀ ਸੀ, ਉਹ ਇਹੀ ਹੁੰਦੀ ਸੀ ਕਿ ਤੂੰ ਪਰਾਏ ਘਰ ਜਾਣਾ ਹੈ...

? ਖੂੰਜਿਆਂ ਦੀ ਕਾਇਨਾਤ ਦਾ ਮੁੱਢ ਜ਼ਰੂਰ ਏਥੋਂ ਹੋਇਆ ਹੋਵੇਗਾ - ਜਦੋਂ ਕੁੜੀ ਨੂੰ ਆਪਣੇ ਘਰ ਜਾਣ ਦੀ ਥਾਂ ਪਰਾਏ ਘਰ ਜਾਣ ਦੀ ਸੋਚ ਦਿੱਤੀ ਹੋਵੇਗੀ...

ਅਜੀਤ : ਬਿਲਕੁਲ ਸੱਚ ਕਿਹਾ ਜੇ । ਨਾਲੇ ਮੈਂ ਸੋਚਦੀ ਹਾਂ - ਓਸ ਕੁੜੀ ਦੇ ਬਚਪਨ ਦਾ, ਅੱਲ੍ਹੜਪਣ ਦਾ, ਚੜ੍ਹਦੀ ਜਵਾਨੀ ਦਾ ਬਾਕੀ ਕੀ ਰਹਿ ਜਾਂਦਾ ਹੋਵੇਗਾ ਜਿਹਦੇ ਗਲੇ ਵਿਚ ਚੱਕੀ ਦੇ ਪੁੜ ਵਰਗਾ ਇਹ ਅਹਿਸਾਸ ਤਾਵੀਜ਼ ਵਾਂਗੂੰ ਲਟਕਾ ਦਿੱਤਾ ਜਾਏ ਕਿ ਜਿਸ ਘਰ ਵਿਚ ਉਹ ਐਸ ਵੇਲੇ ਹੈ, ਉਹ ਤਾਂ ਉਹਦਾ ਹੈ ਹੀ ਨਹੀਂ, ਤੇ ਜਿੱਥੇ ਉਹਨੇ ਜਾਣਾ ਹੈ, ਉਹ ਘਰ ਪਰਾਇਆ ਹੋਣਾ ਹੈ...

? ਸੋ ਔਰਤ ਅਸਲ ਮਾਹਨਿਆਂ ਵਿਚ ਧਰਤੀ ਦੀ ਜਿਪਸੀ-ਵੰਸ਼ ਹੈ...

ਅਜੀਤ : ਹਾਂ, ਜਨਮ ਜਾਤ ਤੋਂ ਬੇਘਰ...

? ਪਰ ਅਜੀਤ ਤੇਰੀ ਕਲਮ ਨੇ ਜਿਨ੍ਹਾਂ ਲੋਕਾਂ ਦੇ ਮਨ ਵਿਚ ਘਰ ਕੀਤਾ ਹੋਇਆ ਹੈ,

ਉਨ੍ਹਾਂ ਲਈ ਇਕ ਔਰਤ, ਮੇਰਾ ਮਤਲਬ ਹੈ ਤੂੰ, ਇਕ ਬੜੀ ਕੀਮਤੀ ਚੀਜ਼ ਏਂ । ਕਦੇ ਤੈਨੂੰ ਗ਼ਰੂਰ ਜਿਹਾ ਆਇਆ ਹੈ ਕਿ ਨਹੀਂ ?

ਅਜੀਤ : ਨਹੀਂ ਅਜੇ ਮੈਂ ਸ਼ਾਇਦ ਓਸ ਸਟੇਜ ਤੇ ਨਹੀਂ ਪਹੁੰਚੀ । ਚੰਗਾ ਲਗਦਾ ਏ ਜਦੋਂ ਕੋਈ ਤਾਰੀਫ਼ ਕਰਦਾ ਏ । ਤੇ ਜਦੋਂ ਕੋਈ ਇਹੋ ਜਿਹਾ ਬੰਦਾ ਤਾਰੀਫ ਕਰਦਾ ਏ ਜਿਹਦੇ ਵਾਸਤੇ ਮੇਰੇ ਮਨ ਵਿਚ ਬਹੁਤ ਸਾਰੀ ਥਾਂ ਹੋਵੇ, ਜਿਵੇਂ ਤੁਸੀ, ਤਾਂ ਮੇਰਾ ਮਨ ਜਿਸ ਤਰ੍ਹਾਂ ਮੀਂਹ ਵਿਚ ਭਿੱਜ ਜਾਂਦਾ ਏ...

? ਪਰ ਕੜਕਦੀਆਂ ਧੁੱਪਾਂ ਕਿੰਨੀਆਂ ਕੁ ਸਹੀਆਂ ?

ਅਜੀਤ : ਬੜੀ ਅਜੀਬ ਗੱਲ ਏ ਕਿ ਬੜੀ ਤਿੱਖੀ ਤੇ ਕਈ ਵਾਰੀ ਬੜੀ ਬੇਹੁਦਾ ਆਲੋਚਨਾ ਵੀ ਹੋਈ, ਪਰ ਹਮੇਸ਼ਾਂ ਇਹੀ ਗੱਲ ਕਿ ਇਹ ਆਲੋਚਨਾ ਕਰਨ ਵਾਲੇ ਲੋਕ ਮੇਰੇ ਨੋਟਿਸ ਦੇ ਕਾਬਿਲ ਨਹੀਂ...

ਤੇਰੀ ਕਿਹੜੀ ਕਹਾਣੀ ਤੇ ਇਹੋ ਜਹੀ ਆਲੋਚਨਾ ਹੋਈ ਸੀ ?

ਅਜੀਤ : ਬਹੁਤ ਪਹਿਲੋਂ, ਸ਼ਾਇਦ ਅਠਾਈ ਵਰ੍ਹੇ ਪਹਿਲੋਂ, ਕਹਾਣੀ ਸੀ ‘‘ਛਣਕਣਿਆਂ ਵਾਲੀ’’ ਉਹਦੇ ਤੇ ਹੋਈ ਸੀ, ਫੇਰ ਓਸ ਤੋਂ ਬਾਅਦ ਲਗਾਤਾਰ ਕਈ ਕਹਾਣੀਆਂ ਤੇ । ਤੇ ਬਹੁਤੀ ਮਾਰ ਜਿੰਨ੍ਹਾਂ ਕਹਾਣੀਆਂ ਤੇ ਪਈ, ਉਹ ਸਨ-‘‘ਪੰਜ ਰੁਪਏ ਵਾਲਾ ਕੰਮ’’ ‘‘ਖੋਪੇ ਦੀ ਠੂਠੀ’’ ਤੇ ਯਾਦ ਨਹੀਂ...ਪਰ ਮਾਰ ਸਿਰਫ਼ ਕਹਾਣੀਆਂ ਤੇ ਨਹੀਂ ਪੈਂਦੀ, ਉਹ ਤਾਂ ਏਸ ਗੱਲ ਤੇ ਪੈਂਦੀ ਏ ਕਿ ਇਹ ਔਰਤ ਹੈ, ਇਕੱਲੀ ਰਹਿੰਦੀ ਹੈ, ਤੇ ਆਪਣੇ ਤਰੀਕੇ ਨਾਲ ਜੀਊਂਦੀ ਹੈ । ਆਲੋਚਨਾਂ ਕਹਾਣੀ ਦੀ ਹੋਵੇ, ਉਹ ਤਾਂ ਫੇਰ ਵੀ ਫ਼ੇਅਰ ਗੇਮ ਹੋਈ, ਪਰ ਇਹ ਤਾਂ ਸਰਾਸਰ ਰੋਂਦ ਮਾਰਣ ਵਾਲੀ ਗੱਲ ਹੁੰਦੀ ਏ । ਤੇ ਇਹਨਾਂ ਮਾਰਣ ਵਾਲਿਆਂ ਦਾ ਮੇਰੇ ਨਾਲੋਂ ਬਹੁਤਾ ਤੁਹਾਨੂੰ ਤਜਰਬਾ ਏ...

? ਮੈਂ ਤਾਂ ਉਹਨਾਂ ਦੀ ਗੱਲ ਸੁਨਣ ਲਈ ਹੁਣ ਕੰਨੋਂ ਬੋਲੀ ਹੋ ਗਈ ਹਾਂ...

ਅਜੀਤ : ਤੁਸੀ ਅੱਜ ਹੋਏ ਹੋ, ਬਹੁਤ ਪਹਿਲੋਂ ਹੋਣਾ ਚਾਹੀਦਾ ਸੀ...

? ਸ਼ੁਕਰ ਕਰ, ਬੋਲੀ ਹੋਈ ਹਾਂ, ਗੁੰਗੀ ਨਹੀਂ ਹੋਈ ।

ਅਜੀਤ : ਨਹੀਂ ਨਹੀਂ - ਗੁੰਗਿਆਂ ਉਹਨਾਂ ਨੂੰ ਹੋਣਾ ਚਾਹੀਦਾ ਏ, ਜਿੰਨ੍ਹਾਂ ਨੂੰ ਗੱਲ ਕਰਨ ਦਾ ਸ਼ਾਊਰ ਨਹੀਂ, ਜਿਹੜੇ ਇਬਾਦਤ ਵਾਲੀ ਥਾਂ ਖਲੋ ਕੇ ਗਾਲ੍ਹ ਕੱਢ ਸਕਦੇ ਨੇ...

? ਅਜੀਤ ! ਰਾਤੀ ਮੈਂ ਮੈਨਡੇਲਸਟਾਮ ਦੀ ਬਾਇਓਗ੍ਰਾਫੀ ਪੜ੍ਹ ਰਹੀ ਸਾਂ, ਉਹਦੀ ਬੀਵੀ ਦੀ ਲਿਖੀ ਹੋਈ- ਉਹ ਸ਼ਾਇਰ ਜਦੋਂ ਜਲਾਵਤਨ ਕੀਤਾ ਗਿਆ ਸੀ, ਉਹਦੀਆਂ ਸਭ ਲਿਖਤਾਂ ਪੜ੍ਹਣੀਆਂ ਵੀ ਮਨ੍ਹਾਂ ਸਨ, ਸੁਨਣੀਆਂ ਵੀ । ਉਹਦੀ ਬੀਵੀ ਨੇ ਸੀਤੇ ਹੋਏ ਹੋਠਾਂ ਨਾਲ ਉਹਦੀਆਂ ਨਜ਼ਮਾਂ ਕੰਠ ਕਰ ਲਈਆਂ ਸਨ- ਹੋਠਾਂ ਤੋਂ ਪਰ੍ਹਾਂ, ਹੇਠਾਂ ਸੰਘ ਵਿਚ ਰੱਖ ਲਈਆਂ ਸਨ...ਦੁਨੀਆਂ ਵਿਚ ਪਤਾ ਨਹੀਂ ਕਿੰਨੇ ਲੋਕ ਗੁੰਗੇ ਕਰ ਦਿੱਤੇ ਜਾਂਦੇ ਨੇ...

ਅਜੀਤ : ਜਿਹਨੂੰ ਇੰਜ ਗੁੰਗਿਆਂ ਕੀਤਾ ਜਾਏ, ਉਹਦੀ ਸੋਚ ਸਗੋਂ ਸਾਨ ਤੇ ਚੜ੍ਹ ਕੇ ਤਿੱਖੀ ਹੋ ਜਾਂਦੀ ਏ, ਤੇ ਉਹਦੇ ਵਿਚੋਂ ਬਗਾਵਤ ਪੈਦਾ ਹੁੰਦੀ ਏ । ਏਸੇ ਤਰ੍ਹਾਂ ਮੇਰੇ ਖਾਵੰਦ ਨੇ ਮੈਨੂੰ ਗੁੰਗਿਆਂ ਕਰ ਦਿੱਤਾ ਸੀ । ਕਹਾਣੀ ਲਿਖਦੀ ਸਾਂ ਤਾਂ ਪਾਠਕਾਂ ਦੇ ਖ਼ਤ ਔਂਦੇ ਸਨ, ਕਦੇ ਕਦਾਈਂ ਕੋਈ ਮਿਲਣ ਵੀ ਆ ਜਾਂਦਾ ਸੀ । ਮੇਰੇ ਖ਼ਾਵੰਦ ਨੇ ਕਹਾਣੀ ਲਿਖਣ ਦੀ ਮਨਾਹੀ ਕਰ ਦਿੱਤੀ ਸੀ । ਅੱਠ ਵਰ੍ਹੇ ਕਲਮ ਤਾਂ ਗੁੰਗੀ ਰਹੀ, ਪਰ ਮੱਥੇ ਦੇ ਅੰਦਰ ਵਾਰ ਇਕ ਬਗਾਵਤ ਆਹਿਸਤਾ ਆਹਿਸਤਾ ਖੌਲਦੀ ਰਹੀ । ਤੇ ਜਦੋਂ ਫਟੀ, ਮੈਂ ਆਪਣਾ ਰਾਹ ਉਹਨਾਂ ਨਾਲੋਂ ਨਖੇੜ ਲਿਆ । ਜੇ ਉਹ ਜ਼ਬਰਦਸਤੀ ਮੇਰੀ ਕਲਮ ਨੂੰ ਗੁੰਗਿਆਂ ਨਾ ਕਰਦੇ, ਤਾਂ ਮੈਂ ਖ਼ੌਰੇ ਸਾਰੀ ਉਮਰ ਕੰਪਰੋਮਾਈਜ਼ ਵਿਚ ਜੀਉਦਿਆਂ ਜਾਣਾ ਸੀ...

? ਨਹੀਂ, ਕੰਪਰੋਮਾਈਜ਼ ਨੇ ਵੀ ਇਕ ਦਿਨ ਲਾਵਾ ਬਣ ਜਾਣਾ ਸੀ...

ਅਜੀਤ : ਹੋ ਸਕਦਾ ਹੈ...ਅੱਜ ਲਗਦਾ ਹੈ ਕਿ ਕੰਪਰੋਮਾਈਜ਼ ਮੇਰੀ ਤਬੀਅਤ ਵਿਚ ਨਹੀਂ । ਸਚਮੁਚ ਕੰਪਰੋਮਾਈਜ਼ ਤੇ ਜੁਰਅਤ ਕਦੇ ਕੱਠੇ ਨਹੀਂ ਰਹਿ ਸਕਦੇ । ਸ਼ਾਇਦ ਇਸੇ ਲਈ ਇਕੱਲੀ ਹਾਂ - ਜੁਰਅਤ ਵਾਂਗ ਇਕੱਲੀ ।